Provincial Health Services Authority

# ਹੇਮੋਡਾਇਲਿਸਸ ਲਈ ਨਾੜਾਂ ਦੀ ਵਰਤੋਂ
## ਤੁਹਾਡਾ ਹੇਮੋਡਾਇਲਿਸਸ ਕੈਥੇਟਰ

### ਨਾੜਾਂ ਦੀ ਵਰਤੋਂ ਕੀ ਹੈ?

ਨਾੜਾਂ ਦੀ ਵਰਤੋਂ ਤੁਹਾਡੀ ਸਿਹਤ ਸੰਭਾਲ ਟੀਮ ਵਲੋਂ ਤੁਹਾਡੇ ਖ਼ੂਨ ਵਹਾ ਤਕ ਬਾਰ ਬਾਰ ਪਹੁੰਚ ਕਰਨ ਦਾ ਤਰੀਕਾ ਹੈ। ਹਰ ਵਾਰ ਜਦੋਂ ਤੁਹਾਡਾ ਡਾਇਲਿਸਸ ਇਲਾਜ ਹੁੰਦਾ ਹੈ ਇਹਨਾਂ ਨਾੜਾਂ ਰਾਹੀਂ ਤੁਹਾਡੇ ਖ਼ੂਨ ਵਹਾ ਤਕ ਪਹੁੰਚ ਕੀਤੀ ਜਾਂਦੀ ਹੈ ਤੇ ਇਕ ਨਾਲੀ ਰਾਹੀਂ ਡਾਇਲਿਸਸ ਮਸ਼ੀਨ ਨਾਲ ਜੋੜਿਆ ਜਾਂਦਾ ਹੈ। ਇਕ ਨਾਲੀ ਰਾਹੀਂ ਤੁਹਾਡਾ ਖ਼ੂਨ ਡਾਇਲਿਸਸ ਮਸ਼ੀਨ ਤਕ ਜਾਂਦਾ ਹੈ ਤੇ ਦੂਜੀ ਨਾਲੀ ਰਾਹੀਂ ਸਾਫ ਖ਼ੂਨ ਤੁਹਾਡੇ ਸਰੀਰ ਵਿਚ ਵਾਪਸ ਜਾਂਦਾ ਹੈ। ਤੁਹਾਡੇ ਸਰੀਰ ਵਿਚੋਂ ਡਾਇਲਿਸਸ ਮਸ਼ੀਨ ਤਕ ਖ਼ੂਨ ਬਾਹਰ ਲਿਜਾਣ ਤੇ ਤੁਹਾਡੇ ਸਰੀਰ ਵਿਚ ਵਾਪਸ ਲਿਆਉਣ ਦਾ ਕਰਮ ਡਾਇਲਿਸਸ ਦੌਰਾਨ ਲਗਾਤਾਰ ਜਾਰੀ ਰਹਿੰਦਾ ਹੈ।

ਨਾੜਾਂ ਦੀ ਵਰਤੋਂ ਦੇ ਤਿਨ ਤਰੀਕੇ ਹਨ:

- ਇਕ ਫਿਸੁਲਾ
- ਇਕ ਗਰਾਫਟ
- ਇਕ ਕੈਥੇਟਰ

ਇਹ ਪੈਂਫਲਟ ਤੁਹਾਨੂੰ ਹੇਮੋਡਾਇਲਿਸਸ ਕੈਥੇਟਰ ਬਾਰੇ ਜਾਣਕਾਰੀ ਦੇਵੇਗਾ।

### ਹੇਮੋਡਾਇਲਿਸਸ ਕੈਥੇਟਰ ਕੀ ਹੈ?

ਹੇਮੋਡਾਇਲਿਸਸ ਕੈਥੇਟਰ ਇਕ ਨਾਲੀ ਹੈ ਜੋ ਆਮ ਤੌਰ ਤੇ ਤੁਹਾਡੀ ਧੌਣ ਜਾਂ ਛਾਤੀ ਵਿਚ ਵਡੀ ਨਾੜੀ ਵਿਚ ਲਗਾਈ ਜਾਂਦੀ ਹੈ।

ਨਾੜਾਂ ਤਕ ਪਹੁੰਚ ਲਈ ਕੈਥੇਟਰ ਪਹਿਲੀ ਚੋਣ ਨਹੀਂ ਹੈ। ਇਸ ਵਿਚ ਗਰਾਫਟ ਤੇ ਫਿਸੁਲੇ ਨਾਲੋਂ ਲਾਗ ਤੇ ਖਰੀਂਡ ਦੀਆਂ ਸਮਸਿਆਵਾਂ ਵਧੇਰੇ ਹਨ।ਇਹ ਜ਼ਿਆਦਾ ਸਮਾਂ ਵੀ ਨਹੀਂ ਚਲਦੇ।**ਇਕ ਕੈਥੇਟਰ ਤੁਰੰਤ ਵਰਤ ਸਕਦੇ ਹੋ ਸੋ ਫਿਸੁਲਾ ਜਾਂ ਗਰਾਫਟ ਬਣਨ ਤਕ ਇਹ ਕੰਮ ਕਰ ਸਕਦਾ ਹੈ।**



**ਧੌਣ ਵਿਚ ਹੇਮੋਡਾਇਲਿਸਸ ਕੈਥੇਟਰ**



**ਛਾਤੀ ਵਿਚ ਵਿਚ ਹੇਮੋਡਾਇਲਿਸਸ ਕੈਥੇਟਰ**

# ਕੈਥੇਟਰ ਪਾਉਣ ਤੋਂ ਬਾਦ ਮੈਨੂੰ ਕੀ ਕਰਨਾ ਚਾਹੀਦਾ ਹੈ?



1. **ਸੋਜ਼ਿਸ ਦਾ ਖਿਆਲ ਕਰੋ।** ਧੌਣ ਦੁਆਲੇ ਸੋਜ਼ਿਸ ਤੁਸੀਂ ਦੇਖ ਸਕਦੇ ਹੋ। ਜੇ ਤੁਹਾਨੂੰ ਗਲ ਕਰਨ ਜਾਂ ਸਾਹ ਲੈਣ ਵਿਚ ਤਕਲੀਫ ਹੁੰਦੀ ਹੈ ਤਾਂ ਤੁਰੰਤ ਅਪਣੇ ਡਾਕਟਰ ਜਾਂ ਨਰਸ ਨੂੰ ਦੱਸੋ।

2. **ਕੈਥੇਟਰ ਦੀ ਬਾਹਰਲੀ ਥਾਂ ਤੇ ਖ਼ੂਨ।** ਜੇ ਤੁਸੀਂ ਖ਼ੂਨ ਦੇਖਦੇ ਹੋ ਤਾਂ:



- ਖ਼ੂਨ ਵਗਣ ਦੀ ਥਾਂ ਅਪਣੀ ਪੱਟੀ ਤੇ ਵਾਹ ਲਓ।
- ਹਰ 15 ਮਿਨਟ ਬਾਦ ਅਪਣੀ ਪੱਟੀ ਚੈਕ ਕਰੋ ਜਦੋਂ ਤਕ ਕਿ ਖ਼ੂਨ ਵਗਣਾ ਚੁਕ ਨਹੀਂ ਜਾਂਦਾ।ਜੇ ਖ਼ੂਨ ਵਗਣਾ ਵਧ ਜਾਂਦਾ ਹੈ ਤਾਂ:
- ਮਦਦ ਲਈ ਬੁਲਾਓ! ਅਪਣੇ ਪਰਿਵਾਰ ਦੇ ਮੈਂਬਰਾਂ , ਦੋਸਤਾਂ, ਜਾਂ ਗਵਾਂਡੀਆਂ ਨੂੰ ਦੱਸੋ।
- ਬੈਠ ਕੇ ਧੌਣ ਦੀ ਨਾੜ ਉਪਰ ਜ਼ੋਰ ਨਾਲ ਦਬਾਓ।
- ਐਮਰਜੈਂਸੀ ਵਿਚ ਜਾਓ




3. **ਅਪਣੀ ਤਕਲੀਫ ਦੇ ਪੱਧਰ ਦਾ ਨਿਰੀਖਣ ਕਰੋ।** ਡਾਕਟਰ ਵਲੋਂ ਦੱਸੀ ਗਈ ਦਰਦ ਦੀ ਦਵਾਈ ਲਵੋ। ਜੇ ਇਹ ਕੰਮ ਨਹੀਂ ਕਰਦੀ  ਤਾਂ ਅਪਣੇ ਡਾਕਟਰ ਜਾਂ ਨਰਸ ਨੂੰ ਦੱਸੋ।



4. **ਅਪਣੀ ਪੱਟੀ ਦਾ ਖਿਆਲ ਰੱਖੋ।**ਅਪਣੀ ਪੱਟੀ ਸਾਫ ਤੇ ਖੁਸ਼ਕ ਰੱਖੋ।ਟੱਬ ਬਾਥ ਸਭ ਤੋਂ ਵਧੀਆ ਤਰੀਕਾ ਹੈ।ਜੇ ਤੁਹਾਡੀ ਪੱਟੀ ਉੱਤਰ ਜਾਂਦੀ ਹੈ ਜਾਂ ਗਿੱਲੀ ਹੁੰਦੀ ਹੈ ਤਾਂ ਅਪਣੇ ਹੱਥ ਸਾਫ ਕਰੋ ਤੇ ਪੱਟੀ ਦਾ ਜੋ ਬਚਿਆ ਹੈ ਉਹ ਲਾਹ ਦਿਓ।ਨਵੀਂ ਸਾਫ ਖੁਸ਼ਕ ਪੱਟੀ ਕਰੋ ਜਾਂ 4x4 ਜਾਲੀ ਪੱਟੀ ਲਓ ਤੇ ਲਗਾਓ।ਅਪਣੀ ਡਾਇਲਿਸਸ ਯੂਨਿਟ ਤੇ ਜਾਓ ਤੇ ਸਹੀ ਮਰਹਮ ਪੱਟੀ ਕਰਵਾਓ।

# ਕੈਥੇਟਰ ਨਾਲ ਸਿਹਤਮੰਦ ਕਿਵੇਂ ਰਹੀਏ?



Don't use sharp objects near catheter tubing



Use a mask




Wear a BC Renal wristband

- ਕੈਥੇਟਰ ਨੂੰ ਛੂਹੋ ਨਾਂ । ਇਸ ਨਾਲ ਇਨਫੈਕਸ਼ਨ ਹੋ ਸਕਦੀ ਹੈ।
- ਕੈਥੇਟਰ ਨਾਲੀ ਕੋਲ ਕੈਂਚੀ ਜਾਂ ਤਿੱਖੀਆਂ ਚੀਜ਼ਾਂ ਨਾ ਲਿਜਾਓ।
- ਜਦੋਂ ਵੀ ਨਰਸ ਕੈਥੇਟਰ ਖੋਲਦੀ ਹੈ ਤਾਂ ਅਪਣੇ ਨੱਕ ਅਤੇ ਮੂੰਹ ਉੱਪਰ ਮਾਸਕ ਪਾਓ।ਪੱਟੀ ਕਰ ਰਹੀ ਨਰਸ ਨੂੰ ਵੀ ਅਪਣੇ ਮੂੰਹ ਅਤੇ ਨੱਕ ਉਪਰ ਮਾਸਕ ਤੇ ਦਸਤਾਨੇ ਪਾਓਣੇ ਚਾਹੀਦੇ ਹਨ।
- ਅਪਣੇ ਕੈਥੇਟਰ ਨੂੰ ਖੋਲੋ ਨਾ।ਤੁਹਾਡੇ ਕੈਥੇਟਰ ਦੇ ਕਵਰ ਤੇ ਕਲੈਂਪ ਚੰਗੀ ਤਰਾਂ ਬੰਦ ਹੋਣੇ ਚਾਹੀਦੇ ਹਨ।ਸਿਰਫ ਤੁਹਾਡੀ ਨਰਸ ਜਾਂ ਡਾਕਟਰਾਂ ਨੂੰ ਹੀਂ ਕਵਰ ਜਾਂ ਕਲੈਂਪ ਲਾਹੁਣੇ ਚਾਹੀਦੇ ਹਨ।

  *ਜੇ ਤੁਸੀਂ ਘਰੇ ਡਾਇਲਿਸਸ ਕਰਨ ਦੇ ਪ੍ਰੋਗਰਾਮ ਦਾ ਹਿੱਸਾ ਹੋ ਤਾਂ ਤੁਹਾਡਾ ਡਾਕਟਰ ਜਾਂ ਨਰਸ ਤੁਹਾਨੂੰ ਵਿਸ਼ੇਸ਼ ਹਦਾਇਤਾਂ ਦੇਵੇਗਾ।
- ਮੈਡੀਕਲ ਅਲਰਟ ਕੜਾ ਪਾਓ ਜਾਂ ਅਪਣੇ ਪਰਸ ਵਿਚ ਕਾਰਡ ਪਾਓ ਤਾਂ ਕਿ ਸਿਹਤ ਸੰਭਾਲ ਕਾਮਿਆਂ ਨੂੰ ਤੁਹਾਡੇ ਡਾਇਲਿਸਸ ਕੈਥੇਟਰ ਬਾਰੇ ਪਤਾ ਹੋਵੇ।ਇਹ ਯਕੀਨੀ ਬਣਾਓ ਕਿ ਤੁਹਾਡੇ ਕੜੇ ਜਾਂ ਕਾਰਡ ਵਿਚ ਲਿਖਿਆ ਹੋਵੇ ਕਿ ਤੁਹਾਡਾ ਕੈਥੇਟਰ ਕਿਸ ਜਗਾ ਹੈ।



# ਅਪਣੇ ਕਿਡਨੀ ਡਾਕਟਰ ਜਾਂ ਡਾਇਲਿਸਸ ਯੂਨਿਟ ਨੂੰ ਕਿਸ ਵੇਲੇ ਫੋਨ ਕਰਨਾ ਚਾਹੀਦਾ ਹੈ ?

- ਕੈਥੇਟਰ ਦੁਆਲੇ ਕੋਈ ਲਾਲੀ, ਗਰਮੀ ਜਾਂ ਦਰਦ ਹੈ।
- ਬਾਹਰਲੇ ਰਾਹ ਉਪਰ ਕੋਈ ਵਹਾ ਜਾਂ ਰਿਸਾਵ ਹੈ।
- ਕੈਥੇਰ ਜਾਂ ਧੌਣ ਦੁਆਲੇ ਕੋਈ ਖਾਸ ਸੋਜ ਜਾਂ ਖਾਰਿਸ਼ ਹੈ। ਤੁਹਾਨੂੰ ਬੁਖਾਰ ਲਗਦਾ ਹੈ ਜਾਂ ਉਪਰ ਦੱਸੇ ਵਿਚੋਂ ਕੋਈ ਤਕਲੀਫ ਹੈ।
- ਤੁਹਾਨੂੰ ਲਗਦਾ ਹੈ ਕਿ ਚਮੜੀ ਤੋਂ ਬਾਹਰਲਾ ਕੈਥੇਟਰ ਵੱਡਾ ਹੋ ਰਿਹਾ ਹੈ।
- ਤੁਹਾਡਾ ਕੈਥੇਟਰ ਅਚਾਨਕ ਖਿੱਚਿਆ ਗਿਆ ਤੇ ਬਾਹਰਲੇ ਥਾਂ ਉਪਰ ਖੂਨ ਵਗ ਰਿਹਾ ਹੈ।

ਇਸ ਪੈਂਫਲੈਟ ਵਿੱਚ ਦਿੱਤੀ ਜਾਣਕਾਰੀ ਸਿਰਫ ਸਿੱਖਿਆ / ਜਾਣਕਾਰੀ ਦੇ ਮਕਸਦ ਲਈ ਹੈ ਤੇ ਤੁਹਾਡੀ ਸਿਹਤ ਸੰਭਾਲ ਟੀਮ ਦੇ ਲਈ ਤੁਹਾਡੀ ਸਿਹਤ ਦੀ ਹਾਲਤ ਤੇ ਇਲਾਜ ਵਿਚ ਮਦਦ ਕਰਨ ਲਈ ਹੈ। ਇਸ ਵਿਚ ਡਾਕਟਰੀ ਮਸ਼ਵਰਾ ਨਹੀਂ ਹੈ ਤੇ ਤੁਹਾਡੇ ਡਾਕਟਰ ਜਾਂ ਹੋਰ ਪੇਸ਼ਾਵਰ ਸਿਹਤ ਸੰਭਾਲ ਪ੍ਰਦਾਨ ਕਰਨ ਵਾਲਿਆਂ ਦੀ ਸਲਾਹ ਦਾ ਬਦਲ ਨਹੀਂ ਹੈ। ਇਹ ਪੈਂਫਲੈਟ ਬੀ. ਸੀ. ਰੀਨਲ ਵੈਬਸਾਈਟ www.bcrenalagency.ca ਤੋਂ ਡਾਊਨਲੋਡ ਕੀਤੀ ਜਾ ਸਕਦੀ ਹੈ।